# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**19:30**

**ਮਿਤੀ :14-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ 80ਵੇਂ ਆਜ਼ਾਦੀ ਦਿਵਸ ਤੋਂ ਪਹਿਲਾਂ ਦੀ ਸ਼ਾਮ ਅੱਜ ਰਾਸ਼ਟਰ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ਵਿੱਚ, ਰਾਸ਼ਟਰਪਤੀ ਨੇ ਕਿਹਾ ਕਿ ਦੁਨੀਆ ਦੇ ਕਈ ਇਲਾਕਿਆਂ ਵਿੱਚ, ਯੁੱਧ ਅਤੇ ਅਸਥਿਰਤਾ ਦੇ ਬਾਵਜੂਦ, ਭਾਰਤ ਦੀ ਅਰਥਵਿਵਸਥਾ ਤੇਜ਼ ਗਤੀ ਨਾਲ ਅੱਗੇ ਵੱਧ ਰਹੀ ਏ।

- ਦੇਸ਼ ਕੱਲ੍ਹ ਆਪਣਾ 80ਵਾਂ ਸੁਤੰਤਰਤਾ ਦਿਵਸ ਮਨਾਏਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਿੱਲੀ ਦੇ ਇਤਿਹਾਸਕ ਲਾਲ ਕਿਲ੍ਹੇ ਤੋਂ ਮੁੱਖ ਸਮਾਰੋਹ ਦੀ ਅਗਵਾਈ ਕਰਨਗੇ।

- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸਰਕਾਰ, ਰੱਖਿਆ ਬਲਾਂ ਦੇ ਆਧੁਨਿਕੀਕਰਨ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਏ।

- ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ, ਲਾਭਪਾਤਰੀਆਂ ਨੂੰ ਭਲਾਈ ਯੋਜਨਾਵਾਂ ਦੇ ਸਿਧੇ ਲਾਭ ਤਬਾਦਲੇ ਲਈ, ਅੱਜ ਕੇਂਦਰੀ ਬੈਂਕ ਡਿਜੀਟਲ ਮੁਦਰਾ, 'Digital Rupee' ਸ਼ੁਰੂ ਕੀਤਾ ਏ।

*ਹੁਣ ਖਬਰਾਂ ਵਿਸਥਾਰ ਨਾਲ*

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਆਜ਼ਾਦੀ ਦਿਵਸ ਤੋਂ ਪਹਿਲਾਂ ਦੀ ਸ਼ਾਮ ਅੱਜ ਰਾਸ਼ਟਰ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ਵਿੱਚ, ਰਾਸ਼ਟਰਪਤੀ ਨੇ ਕਿਹਾ ਕਿ ਦੁਨੀਆ ਦੇ ਕਈ ਇਲਾਕਿਆਂ ਵਿੱਚ ਜੰਗ ਅਤੇ ਅਸਥਿਰਤਾ ਸਾਰੇ ਦੇਸ਼ਾਂ ਨੂੰ ਪ੍ਰਭਾਵਿਤ ਕਰ ਰਹੀ ਏ। ਅਜਿਹੇ ਹਾਲਾਤ ਵਿੱਚ ਵੀ, ਭਾਰਤ ਦੀ ਅਰਥਵਿਵਸਥਾ, ਤੇਜ਼ੀ ਨਾਲ ਅੱਗੇ ਵੱਧ ਰਹੀ ਏ। ਆਰਥਿਕ ਅਨੁਮਾਨਾਂ ਵਿੱਚ ਭਵਿੱਖਬਾਣੀ ਕੀਤੀ ਗਈ ਏ ਕਿ, ਭਾਰਤ ਦੀ ਵਿਕਾਸ ਦਰ ਵਿਸ਼ਵ ਔਸਤ ਨਾਲੋਂ ਦੁੱਗਣੀ ਤੋਂ ਵੱਧ ਰਹੇਗੀ।

**BYTE: PRESIDENT**

ਸੱਚਾਈ ਅਤੇ ਨਿਆਂ ਦੇ ਹੱਕ 'ਚ ਮਨੁੱਖਤਾ ਵਿਰੋਧੀ ਤਾਕਤਾਂ 'ਤੇ ਜਿੱਤ ਪ੍ਰਾਪਤ ਕਰਨ ਦੀ ਭਾਰਤ ਦੀ ਪਰੰਪਰਾ ਨੂੰ ਉਜਾਗਰ ਕਰਦੇ ਹੋਏ, ਰਾਸ਼ਟਰਪਤੀ ਨੇ ਕਿਹਾ, "26 ਜੁਲਾਈ ਨੂੰ, ਅਸੀਂ ਕਾਰਗਿਲ ਵਿਜੇ ਦਿਵਸ ਮਨਾਇਆ ਅਤੇ 7 ਮਈ ਨੂੰ, ਆਪ੍ਰੇਸ਼ਨ ਸਿੰਦੂਰ ਦਾ ਇੱਕ ਸਾਲ ਪੂਰਾ ਹੋਣ 'ਤੇ ਆਪਣੀ ਫੌਜ ਦੀ ਅਸਧਾਰਨ ਬਹਾਦਰੀ ਨੂੰ ਯਾਦ ਕੀਤਾ। ਦਹਿਸ਼ਤਗਰਦੀ ਵਿਰੁੱਧ ਇਸ ਇਤਿਹਾਸਕ ਆਪ੍ਰੇਸ਼ਨ ਨੇ ਦੇਸ਼ਸ਼ਗਰਦਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ, ਇੱਕ ਸਖ਼ਤ ਸੰਦੇਸ਼ ਦਿੱਤਾ ਕਿ, ਉਹ ਭਾਵੇਂ ਕਿਤੇ ਵੀ ਲੁਕ ਜਾਣ, ਉਨ੍ਹਾਂ ਨੂੰ ਉਨ੍ਹਾਂ ਦੇ ਕਾਰਨਾਮਿਆਂ ਦੀ ਸਜ਼ਾ ਦਿੱਤੀ ਜਾਵੇਗੀ।

ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਦੀ ਵਿਦੇਸ਼ ਨੀਤੀ, ਰਾਸ਼ਟਰੀ ਹਿੱਤਾਂ 'ਤੇ ਅਧਾਰਤ ਏ ਅਤੇ ਸ਼ਾਂਤੀ, ਸਹਿਯੋਗ, ਗੱਲਬਾਤ ਅਤੇ ਵਸੁਧੈਵ ਕੁਟੁੰਬਕਮ ਦੇ ਆਦਰਸ਼, ਸਾਡੀ ਵਿਦੇਸ਼ ਨੀਤੀ ਦੇ ਥੰਮ੍ਹ ਨੇ। ਭਾਰਤ ਨੇ ਆਰਥਿਕ ਸਹਿਯੋਗ ਨੂੰ ਵਧਾਉਣ ਲਈ, ਕਈ ਦੇਸ਼ਾਂ ਨਾਲ ਮੁਕਤ ਵਪਾਰ ਸਮਝੌਤੇ ਕੀਤੇ ਨੇ। ਭਾਰਤ ਘੱਟ ਵਿਕਸਤ ਦੇਸ਼ਾਂ ਵਿੱਚ, ਇੱਕ ਮੋਹਰੀ ਭੂਮਿਕਾ ਨਿਭਾ ਰਿਹਾ ਏ ਤੇ ਵਿਸ਼ਵ ਪੱਧਰ 'ਤੇ ਦੇਸ਼ ਦਾ ਸਤਿਕਾਰ ਵਧਿਆ ਏ।

ਰਾਸ਼ਟਰਪਤੀ ਮੁਰਮੂ ਨੇ ਸਿੱਖਿਆ ਦੇ ਖੇਤਰ ਵਿੱਚ ਕੁੜੀਆਂ ਦੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਖੇਤੀਬਾੜੀ ਉਤਪਾਦਕਤਾ ਵਧਾਉਣ ਅਤੇ ਫੌਜ ਸਮੇਤ ਵੱਖ-ਵੱਖ ਖੇਤਰਾਂ ਵਿੱਚ ਔਰਤਾਂ ਦੀ ਭਾਗੀਦਾਰੀ ਵਿੱਚ ਡਰੋਨ ਦੀਦੀ ਦੇ ਯੋਗਦਾਨ ਦਾ ਜ਼ਿਕਰ

ਕੀਤਾ। ਉਨ੍ਹਾਂ ਕਿਹਾ ਕਿ ਰਾਸ਼ਟਰਮੰਡਲ ਖੇਡਾਂ ਵਿੱਚ ਦੇਸ਼ ਵੱਲੋਂ ਜਿੱਤੇ ਗਏ ਸੋਨੇ ਦੇ 13 ਤਗਮਿਆਂ ਵਿੱਚੋਂ, 8 ਸੋਨੇ ਕੁੜੀਆਂ ਨੇ ਜਿੱਤੇ ਨੇ।

ਮਹਾਤਮਾ ਜਯੋਤੀਬਾ ਫੂਲੇ ਦੀ 200ਵੀਂ ਜਯੰਤੀ ਦਾ ਹਵਾਲਾ ਦਿੰਦੇ ਹੋਏ, ਰਾਸ਼ਟਰਪਤੀ ਨੇ ਕਿਹਾ ਕਿ ਮਹਾਤਮਾ ਫੂਲੇ ਅਤੇ ਸਾਵਿਤਰੀਬਾਈ ਫੂਲੇ ਨੇ ਮਹਿਲਾ ਸਸ਼ਕਤੀਕਰਨ, ਸਮਾਜਿਕ ਨਿਆਂ, ਸਿੱਖਿਆ ਅਤੇ ਸਮਾਨਤਾ ਵਿੱਚ ਇਤਿਹਾਸਕ ਯੋਗਦਾਨ ਪਾਇਆ।

**BYTE: PRESIDENT**

ਰਾਸ਼ਟਰਪਤੀ ਨੇ ਕਿਹਾ ਕਿ ਨੌਜਵਾਨ ਆਬਾਦੀ, ਦੇਸ਼ ਦੀ ਸਭ ਤੋਂ ਕੀਮਤੀ ਸੰਪਤੀ ਏ। ਭਾਰਤ ਦੀ ਕੁੱਲ ਆਬਾਦੀ ਦਾ 65 ਫ਼ੀਸਦੀ, 35 ਸਾਲ ਤੋਂ ਘੱਟ ਉਮਰ ਦੇ ਨੇ। ਉਨ੍ਹਾਂ ਕਿਹਾ ਕਿ ਦੇਸ਼ ਦੇ ਨੌਜਵਾਨ ਪ੍ਰਤਿਭਾਸ਼ਾਲੀ, ਸਮਰਪਿਤ ਅਤੇ ਹੁਨਰਮੰਦ ਨੇ ਅਤੇ ਅਜਿਹੇ ਨੌਜਵਾਨਾਂ ਨੇ ਵਿਸ਼ਵ ਭਾਈਚਾਰੇ ਵਿੱਚ ਭਾਰਤ ਦੀ ਸਾਖ ਵਧਾਈ ਏ।

---

ਰਾਸ਼ਟਰਪਤੀ ਦੇ ਇਸ ਸੰਬੋਧਨ ਦਾ ਪੰਜਾਬੀ ਅਨੁਵਾਦ, ਆਕਾਸ਼ਵਾਣੀ ਜਲੰਧਰ ਤੋਂ ਅੱਜ ਰਾਤ ਸਾਢੇ 9 ਵਜੇ ਪ੍ਰਸਾਰਿਤ ਕੀਤਾ ਜਾਵੇਗਾ।

ਇਸ ਦੇ ਨਾਲ ਹੀ ਸਰੋਤਿਆਂ ਨੂੰ ਸੂਚਿਤ ਕੀਤਾ ਜਾਂਦਾ ਏ ਕਿ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਲਾਲ ਕਿਲ੍ਹੇ ਦੀ ਫਸੀਲ ਤੋਂ ਆਜ਼ਾਦੀ ਦਿਹਾੜੇ ਦੇ ਜਸ਼ਨਾਂ ਮੌਕੇ, ਦੇਸ਼ ਦੇ ਨਾਂ ਸੰਬੋਧਨ ਦੇ ਮੱਦੇਨਜ਼ਰ, ਭਲਕੇ ਸਾਡਾ

ਸਵੇਰੇ ਸਾਢੇ 8 ਵਜੇ ਪ੍ਰਸਾਰਿਤ ਹੋਣ ਵਾਲਾ ਪੰਜਾਬੀ ਖਬਰਾਂ ਦਾ ਰਾਸ਼ਟਰੀ ਬੁਲੇਟਿਨ ਰੱਦ ਰਹੇਗਾ।

---------------------------------------------------------------

ਦੇਸ਼ ਕੱਲ੍ਹ ਆਪਣਾ 80ਵਾਂ ਸੁਤੰਤਰਤਾ ਦਿਵਸ ਮਨਾਏਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਿੱਲੀ ਦੇ ਇਤਿਹਾਸਕ ਲਾਲ ਕਿਲ੍ਹੇ ਤੋਂ ਮੁੱਖ ਸਮਾਰੋਹ ਦੀ ਅਗਵਾਈ ਕਰਨਗੇ । ਭਾਰਤੀ ਹਵਾਈ ਫੌਜ ਦੇ ਦੋ Mi-17 ਹੈਲੀਕਾਪਟਰ ਸਮਾਗਮ ਵਾਲੇ ਸਥਾਨ 'ਤੇ ਫੁੱਲਾਂ ਦੀ ਵਰਖਾ ਕਰਨਗੇ। ਰਾਸ਼ਟਰੀ ਝੰਡਾ ਲਹਿਰਾਇਆ ਜਾਵੇਗਾ ਅਤੇ 21 ਤੋਪਾਂ ਦੀ ਸਲਾਮੀ ਦਿੱਤੀ ਜਾਵੇਗੀ। ਇਸ ਮਗਰੋਂ, ਪ੍ਰਧਾਨ ਮੰਤਰੀ ਲਾਲ ਕਿਲ੍ਹੇ ਦੀ ਫਸੀਲ ਤੋਂ ਰਾਸ਼ਟਰ ਨੂੰ ਸੰਬੋਧਨ ਕਰਨਗੇ।

ਪਹਿਲੀ ਵਾਰ, ਲਾਲ ਕਿਲ੍ਹੇ ਵਿਖੇ ਜਸ਼ਨਾਂ ਦੌਰਾਨ ਵੰਦੇ ਮਾਤਰਮ ਗਾਇਆ ਜਾਵੇਗਾ। ਨੈਸ਼ਨਲ ਕੈਡੇਟ ਕੋਰ ਅਤੇ My BHARAT ਵਲੰਟੀਅਰ ਰਾਸ਼ਟਰੀ ਗੀਤ ਵੰਦੇ ਮਾਤਰਮ ਗਾਉਣਗੇ ਅਤੇ ਉਸ ਤੋਂ ਬਾਅਦ ਰਾਸ਼ਟਰੀ ਗਾਣ ਗਾਇਆ ਜਾਏਗਾ। ਫੌਜ, ਸਮੁੰਦਰੀ ਫੌਜ ਅਤੇ ਹਵਾਈ ਫੌਜ ਦੇ ਕੁੱਲ ਦੋ ਹਜ਼ਾਰ 500 ਕੈਡਿਟ ਅਤੇ My BHARAT ਵਲੰਟੀਅਰ, ਜਿਹਨਾਂ ‘ਚ ਕੁੜੀਆਂ ਤੇ ਮੁੰਡੇ ਦੋਵੇਂ ਸ਼ਾਮਿਲ ਨੇ, ਜਸ਼ਨਾਂ ਵਿੱਚ ਹਿੱਸਾ ਲੈਣਗੇ। ਲਾਲ ਕਿਲ੍ਹੇ ਵਿਖੇ ਸਮਾਰੋਹ ਦੇਖਣ ਲਈ, ਵੱਖ-ਵੱਖ ਖੇਤਰਾਂ ਦੇ ਕਰੀਬ ਪੰਜ ਹਜ਼ਾਰ ਵਿਸ਼ੇਸ਼ ਮਹਿਮਾਨਾਂ ਨੂੰ ਸੱਦਾ ਦਿੱਤਾ ਗਿਆ

ਏ। ਇਸ ਸਮਾਰੋਹ ਦੇ ਮੱਦੇਨਜ਼ਰ ਦਿੱਲੀ ਪੁਲਿਸ ਨੇ ਰਾਸ਼ਟਰੀ ਰਾਜਧਾਨੀ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਵੀ ਕੀਤੇ ਨੇ।

-----------------------------------------------------

ਪੰਜਾਬ 'ਚ ਸੁਤੰਤਰਤਾ ਦਿਵਸ ਦਾ ਮੁੱਖ, ਰਾਜ ਪੱਧਰੀ ਸਮਾਰੋਹ, ਫਿਰੋਜ਼ਪੁਰ ਵਿਖੇ ਹੋਏਗਾ, ਜਿਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰਾਸ਼ਟਰੀ ਝੰਡਾ ਲਹਿਰਾਉਣਗੇ।

ਆਜ਼ਾਦੀ ਦਿਹਾੜੇ ਦੇ ਮੱਦੇਨਜ਼ਰ ਪੰਜਾਬ ਭਰ ਵਿਚ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਨੇ।

-----------------------------------------------------

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸਰਕਾਰ, ਆਤਮ-ਨਿਰਭਰ ਅਤੇ ਭਵਿੱਖ ਲਈ ਤਿਆਰ ਰੱਖਿਆ ਖੇਤਰ 'ਤੇ ਖ਼ਾਸ ਜ਼ੋਰ ਨਾਲ, ਰੱਖਿਆ ਬਲਾਂ ਦੇ ਆਧੁਨਿਕੀਕਰਨ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਏ. 80ਵੇਂ ਸੁਤੰਤਰਤਾ ਦਿਵਸ ਤੋਂ ਪਹਿਲਾਂ ਦੀ ਸ਼ਾਮ ਅੱਜ ਆਕਾਸ਼ਵਾਣੀ ਰਾਹੀਂ ਸੈਨਿਕਾਂ ਨੂੰ ਸੰਬੋਧਨ ਕਰਦਿਆਂ, ਸ੍ਰੀ ਸਿੰਘ ਨੇ 'ਆਤਮਨਿਰਭਰ ਭਾਰਤ' ਅਤੇ 'ਮੇਕ-ਇਨ-ਇੰਡੀਆ' ਵਰਗੀਆਂ ਪਹਿਲਕਦਮੀਆਂ ਸਦਕਾ ਪਿਛਲੇ 12 ਸਾਲਾਂ ਦੌਰਾਨ, ਰੱਖਿਆ ਖੇਤਰ ਵਿੱਚ ਆਏ ਕ੍ਰਾਂਤੀਕਾਰੀ ਬਦਲਾਅ 'ਤੇ ਰੌਸ਼ਨੀ ਪਾਈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ, ਭਾਰਤ ਇੱਕ ਅਜਿਹਾ ਦੇਸ਼

ਬਣ ਗਿਆ ਏ, ਜੋ ਆਪਣੀਆਂ ਸੁਰੱਖਿਆ ਲੋੜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰ ਰਿਹਾ ਏ ਅਤੇ ਨਾਲ ਹੀ ਇੱਕ ਵਿਸ਼ਵ ਰੱਖਿਆ ਨਿਰਮਾਣ ਕੇਂਦਰ ਅਤੇ ਰੱਖਿਆ ਬਰਾਮਦਕਾਰ ਵਜੋਂ ਉੱਭਰ ਰਿਹਾ ਏ।

**BYTE: RAJNATH SINGH**

ਉਨ੍ਹਾਂ ਕਿਹਾ ਕਿ, ਇਹ ਪ੍ਰਾਪਤੀ ਰੱਖਿਆ ਖੇਤਰ ਵਿੱਚ ਆਏ ਢਾਂਚਾਗਤ ਬਦਲਾਅ ਦਾ ਪ੍ਰਮਾਣ ਏ।

---------------------------------------------------------------

ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ, ਲਾਭਪਾਤਰੀਆਂ ਨੂੰ ਭਲਾਈ ਯੋਜਨਾਵਾਂ ਦੇ ਸਿਧੇ ਲਾਭ ਤਬਾਦਲੇ ਲਈ, ਅੱਜ ਕੇਂਦਰੀ ਬੈਂਕ ਡਿਜੀਟਲ ਮੁਦਰਾ, 'Digital Rupee' ਸ਼ੁਰੂ ਕੀਤਾ ਏ। ਇਸ ਪਹਿਲ ਦਾ ਉਦੇਸ਼, ਗਰੀਬਾਂ ਲਈ ਸਰਕਾਰੀ ਯੋਜਨਾਵਾਂ ਵਿਚੋਂ ਵਿਚੋਲਿਆਂ ਨੂੰ ਖਤਮ ਕਰਨਾ ਏ। ਇਸ ਮੌਕੇ ਬੋਲਦਿਆਂ, ਖੁਰਾਕ ਅਤੇ ਜਨਤਕ ਵੰਡ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਿਹਾ ਕਿ, ਕੇਂਦਰ ਸਰਕਾਰ ਲੋੜਵੰਦਾਂ ਨੂੰ ਮੁਫਤ ਰਾਸ਼ਨ ਵੰਡਣ 'ਤੇ 2 ਲੱਖ 10 ਹਜ਼ਾਰ ਕਰੋੜ ਰੁਪਏ ਤੋਂ ਵੱਧ ਖਰਚ ਕਰ ਰਹੀ ਏ। ਉਨ੍ਹਾਂ ਕਿਹਾ ਕਿ ਲਾਭਪਾਤਰੀਆਂ ਦੇ ਖਾਤਿਆਂ ਵਿੱਚ, ਫੰਡ ਸਿੱਧੇ ਟ੍ਰਾਂਸਫਰ ਕਰਨ ਨਾਲ, ਵਿਚੋਲਿਆਂ ਨੂੰ ਹਟਾਇਆ ਜਾ ਰਿਹਾ ਏ।

ਉਨ੍ਹਾਂ ਕਿਹਾ ਕਿ, ਕੇਂਦਰੀ ਬੈਂਕ ਦੀ ਡਿਜੀਟਲ ਕਰੰਸੀ ਤਬਾਦਲਾ ਪ੍ਰਕਿਰਿਆ, ਪਾਰਦਰਸ਼ੀ ਅਤੇ ਆਸਾਨ ਏ।

**BYTE: PRAHLAD JOSHI**

ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ, ਦੇਸ਼ ਕੋਲ ਅਨਾਜ ਦੇ ਕਾਫ਼ੀ ਭੰਡਾਰ ਨੇ। ਉਨ੍ਹਾਂ ਕਿਹਾ ਕਿ ਸਰਕਾਰ ਇਹ ਯਕੀਨੀ ਬਣਾ ਰਹੀ ਏ ਕਿ, ਕਿਸਾਨਾਂ ਵੱਲੋਂ ਪੈਦਾ ਕੀਤਾ ਗਿਆ ਅਨਾਜ, ਗਰੀਬਾਂ ਤੱਕ ਪਹੁੰਚੇ।

---------------------------------------------------------------

ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ (SAD) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅੱਜ ਨਾਂਦੇੜ ਦੇ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਏ। ਕੱਲ੍ਹ, ਨਾਂਦੇੜ ਦੇ ਇੱਕ ਗੁਰਦੁਆਰੇ ਤੋਂ ਆਪਣੇ ਪਰਿਵਾਰ ਨਾਲ ਮੱਥਾ ਟੇਕਣ ਤੋਂ ਬਾਅਦ, ਬਾਹਰ ਆਉਂਦੇ ਸਮੇਂ, ਉਨ੍ਹਾਂ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਗਿਆ ਸੀ।

---------------------------------------------------------------

ਰਾਸ਼ਟਰੀ ਜਾਂਚ ਏਜੰਸੀ (NIA) ਨੇ ਅੰਮ੍ਰਿਤਸਰ ਵਿੱਚ ਮੁਲਜ਼ਮ ਅਨਵਰ ਮਸੀਹ ਦੀਆਂ ਦੋ ਅਚੱਲ ਜਾਇਦਾਦਾਂ ਕੁਰਕ ਕੀਤੀਆਂ ਨੇ। ਇਹ ਕਾਰਵਾਈ ਛੇ ਸਾਲ ਪੁਰਾਣੇ 'ਸਲਾਇਆ ਡਰੱਗ ਜ਼ਬਤੀ ਮਾਮਲੇ' ਦੇ ਸਬੰਧ ਵਿੱਚ ਕੀਤੀ ਗਈ ਏ, ਜਿਸ ਵਿੱਚ ਸਮੁੰਦਰੀ ਰਸਤਿਓਂ ਪਾਕਿਸਤਾਨ ਤੋਂ ਭਾਰਤ ਤੱਕ, 500 ਕਿਲੋ ਹੈਰੋਇਨ ਦੀ ਤਸਕਰੀ ਕੀਤੀ

ਗਈ ਸੀ। ਜਾਇਦਾਦ ਕੁਰਕ ਕਰਨ ਦੀ ਇਹ ਪ੍ਰਕਿਰਿਆ, 13 ਅਗਸਤ ਨੂੰ ਹੋਈ।

ਜਾਂਚ ਏਜੰਸੀ ਅਨੁਸਾਰ, ਜਾਂਚ ਵਿੱਚ ਇਟਲੀ, ਆਸਟ੍ਰੇਲੀਆ, ਯੂ.ਏ.ਈ., ਥਾਈਲੈਂਡ, ਈਰਾਨ ਅਤੇ ਪਾਕਿਸਤਾਨ ਤੱਕ ਫੈਲੇ ਅੰਤਰ-ਰਾਸ਼ਟਰੀ ਨਾਰਕੋ-ਟੈਰਰ ਨੈੱਟਵਰਕ ਵਿੱਚ, ਮਸੀਹ ਦੀ ਸ਼ਮੂਲੀਅਤ ਸਾਹਮਣੇ ਆਈ ਏ।

---------------------------------------------------

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ 80ਵੇਂ ਆਜ਼ਾਦੀ ਦਿਵਸ ਤੋਂ ਪਹਿਲਾਂ ਦੀ ਸ਼ਾਮ ਅੱਜ ਰਾਸ਼ਟਰ ਨੂੰ ਸੰਬੋਧਨ ਕੀਤਾ। ਆਪਣੇ ਸੰਬੋਧਨ ਵਿੱਚ, ਰਾਸ਼ਟਰਪਤੀ ਨੇ ਕਿਹਾ ਕਿ ਦੁਨੀਆ ਦੇ ਕਈ ਇਲਾਕਿਆਂ ਵਿੱਚ, ਯੁੱਧ ਅਤੇ ਅਸਥਿਰਤਾ ਦੇ ਬਾਵਜੂਦ, ਭਾਰਤ ਦੀ ਅਰਥਵਿਵਸਥਾ ਤੇਜ਼ ਗਤੀ ਨਾਲ ਅੱਗੇ ਵੱਧ ਰਹੀ ਏ।

- ਦੇਸ਼ ਕੱਲ੍ਹ ਆਪਣਾ 80ਵਾਂ ਸੁਤੰਤਰਤਾ ਦਿਵਸ ਮਨਾਏਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਿੱਲੀ ਦੇ ਇਤਿਹਾਸਕ ਲਾਲ ਕਿਲ੍ਹੇ ਤੋਂ ਮੁੱਖ ਸਮਾਰੋਹ ਦੀ ਅਗਵਾਈ ਕਰਨਗੇ।

- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸਰਕਾਰ, ਰੱਖਿਆ ਬਲਾਂ ਦੇ ਆਧੁਨਿਕੀਕਰਨ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਏ।

- ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ, ਲਾਭਪਾਤਰੀਆਂ ਨੂੰ ਭਲਾਈ ਯੋਜਨਾਵਾਂ ਦੇ ਸਿਧੇ ਲਾਭ ਤਬਾਦਲੇ ਲਈ, ਅੱਜ ਕੇਂਦਰੀ ਬੈਂਕ ਡਿਜੀਟਲ ਮੁਦਰਾ, 'Digital Rupee' ਸ਼ੁਰੂ ਕੀਤਾ ਏ।

- ਗ੍ਰਹਿ ਮੰਤਰਾਲੇ ਅਧੀਨ ਭਾਰਤ ਦੇ ਰਜਿਸਟਰਾਰ ਜਨਰਲ ਦੇ ਦਫ਼ਤਰ ਨੇ, ਜਨਗਣਨਾ 2027 ਲਈ, ਪਰਿਵਾਰ ਪ੍ਰਸ਼ਨਾਵਲੀ ਨੂੰ NOTIFY ਕਰ ਦਿੱਤਾ ਏ।

---

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਭਲਕੇ ਦੁਪਹਿਰ ਬਾਅਦ**

**1 ਵਜ ਕੇ 10 ਮਿੰਟ 'ਤੇ ਹੋਏਗਾ. ਨਮਸਕਾਰ!**